**ਪੰਜਾਬ ਸਕੂਲ ਸਿੱਖਿਆ ਬੋਰਡ**

**ਫੇਜ਼-8, ਸੈਕਟਰ-62, ਐਸ.ਏ.ਐਸ.ਨਗਰ**

www.pseb.ac.in

## ਜਨਤਕ ਨਿਯੁਕਤੀਆਂ

ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਕਲਰਕ-ਕਮ-ਡਾਟਾ ਐਂਟਰੀ ਓਪਰੇਟਰਾਂ ਦੀਆਂ 50 ਅਸਾਮੀਆਂ ਦੀ ਭਰਤੀ ਲਈ ਯੋਗ ਉਮੀਦਵਾਰਾਂ ਵੱਲੋਂ ਬੋਰਡ ਦੀ ਵੈਬ-ਸਾਈਟ www.pseb.ac.in ਤੇ ਆਨਲਾਈਨ ਦਰਖਾਸਤਾਂ ਦੀ ਮੰਗ (ਮਿਤੀ: 10-11-2018 ਤੋਂ 27-11-2018 ਤੱਕ) ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਦੀ ਕੈਟਾਗਿਰੀ-ਵਾਈਜ਼ ਵੰਡ ਹੇਠ ਲਿਖੇ ਅਨੁਸਾਰ ਹੈ:-

| ਕੁੱਲ ਅਸਾਮੀਆਂ | ਜਨਰਲ | ਅਨੁਸੂਚਿਤ ਜਾਤੀ | | ਬੀ.ਸੀ | ਸਾਬਕਾ ਫੌਜੀ | | | | ਸੁਤੰਤਰਤਾ ਸੰਗਰਾਮੀ | ਖਿਡਾਰੀ | | ਦਿਵਿਆਂਗ | |
|---|---|---|---|---|---|---|---|---|---|---|---|---|---|
| | | ਮਜ਼ਬੀ/ ਬਾਲਮੀਕੀ | ਰਾਮਦਾਸੀਆਂ ਅਤੇ ਹੋਰ | | ਜਨਰਲ | ਅਨੁਸੂਚਿਤ ਜਾਤੀ | | ਪੱਛੜੀ ਸ਼੍ਰੇਣੀ | | ਜਨਰਲ | ਅਨੁਸੂਚਿਤ ਜਾਤੀ | ਨੇਤਰਹੀਣ | ਗੂੰਗਾ ਬੋਲਾ |
| | | | | | | ਮਜ਼ਬੀ/ ਬਾਲਮੀ ਕੀ | ਰਾਮਦਾ ਸੀਆਂ ਅਤੇ ਹੋਰ | | | | | | |
| 50 | 20 | 05 | 05 | 07 | 03 | 01 | 01 | 01 | 01 | 01 | 01 | 01 | 02 |
| | | 01 ਓਡ | | | | | | | | | | | |

2. **ਵਿੱਦਿਅਕ ਯੋਗਤਾਵਾਂ:-**

i) Possesses the Bachelor's Degree from a recognized university or institutions.

**And**

ii) Possesses at least one hundred and twenty hours course with hands on experience in the use of personal Computer or Information Technology in office productivity applications or Desktop Publishing applications from a Government Recognized institution or a reputed Institution. Which is ISO 9001, certified

**or**

Possesses a Computer information Technology course equivalent to 'O' level certificate of Department of Electronics, Accreditation of computer courses (DOEACC) of Government of India.

iii) Qualify a Type test in both of languages i.e. English and Punjabi (Unicode Complant Font Raavi), at a speed of 30 (thirty) words per minute"

iv) ਮੈਟ੍ਰਿਕ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

3. ਤਨਖਾਹ ਸਕੇਲ:- **10300-34800+3200 ਗ੍ਰੇਡ ਪੇਅ**

ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: 7/204/2012-4 ਐਫ.ਪੀ1/66 ਮਿਤੀ: 15.01.2015 ਅਤੇ ਪੱਤਰ ਨੰ: 1/06/2016-4 ਪੀ.ਪੀ. 1/8346801/1-2 ਮਿਤੀ: 07.09.2016 ਰਾਹੀਂ ਕੀਤੇ ਗਏ ਉਪਬੰਧਾਂ (**10300-34800+3200 ਗ੍ਰੇਡ ਪੇਅ, ਸ਼ੁਰੂਆਤੀ ਤਨਖਾਹ 10,300/- ਰੁਪਏ 03 ਸਾਲ ਦੇ ਪਰਖਕਾਲ ਤੱਕ ਜਾਂ ਵਧਾਏ ਗਏ ਸਮੇਂ ਤੱਕ**) ਅਨੁਸਾਰ ਅਦਾਇਗੀ ਕੀਤੀ ਜਾਵੇਗੀ।

4. ਉਮਰ ਸੀਮਾ :-

(i) ਮਿਤੀ 01.01.2018 ਨੂੰ ਉਮਰ 18 ਤੋਂ 37 ਸਾਲ ਦੇ ਦਰਮਿਆਨ ਹੋਵੇ।

(ii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵੇਗੀ।

(iii) ਪੰਜਾਬ ਸਰਕਾਰ, ਕੇਂਦਰ ਸਰਕਾਰ ਅਤੇ ਹੋਰ ਰਾਜਾਂ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।

(iv) ਪੰਜਾਬ ਰਾਜ ਦੀਆਂ ਵਿਧਵਾ ਅਤੇ ਤਲਾਕਸ਼ੁਦਾ ਔਰਤਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਤੱਕ ਹੋਵੇਗੀ।

(v) ਪੰਜਾਬ ਦੇ ਵਸਨੀਕ **ਦਿਵਿਆਂਗਾ** ਦੀ ਉਮਰ ਦੀ ਉਪਰਲੀ ਉਮਰ ਸੀਮਾ ਵਿੱਚ 10 ਸਾਲ ਦੀ ਛੋਟ ਹੋਵੇਗੀ।

(vi) ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਆਸਾਮੀ ਦੀ ਉਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸ਼ਟਤਾ ਦੇਣੀ ਪਵੇਗੀ।

5. **ਭਰਤੀ ਸਬੰਧੀ ਚੋਣ ਵਿਧੀ:-**

**(ੳ)** ਉਮੀਦਵਾਰਾਂ ਦੀ ਚੋਣ ਪੂਰਨ ਤੌਰ ਤੇ ਲਿਖਤੀ ਪ੍ਰੀਖਿਆ ਅਤੇ ਟਾਈਪ ਟੈਸਟ (ਪੰਜਾਬੀ ਰਾਵੀ ਫੌਂਟ ਵਿੱਚ ਅਤੇ ਅੰਗਰੇਜੀ ਭਾਸ਼ਾ) 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ ਪਾਸ ਕਰਨ ਤੇ ਨਿਰਭਰ ਕਰੇਗੀ। ਭਰਤੀ ਸਬੰਧੀ ਇੰਟਰਵਿਊ ਨਹੀਂ ਲਈ ਜਾਵੇਗੀ। ਜਿਹੜੇ ਉਮੀਦਵਾਰ ਦੋਵੇਂ ਭਾਸ਼ਾਵਾਂ ਦੇ ਟਾਈਪ ਟੈਸਟ ਵਿੱਚ ਯੋਗ ਹੋਣਗੇ, ਉਨ੍ਹਾਂ ਦੀ ਹੀ ਮੈਰਿਟ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਕੀਤੇ ਅੰਕਾਂ ਦੇ ਅਧਾਰ ਤੇ ਤਿਆਰ ਕੀਤੀ ਜਾਵੇਗੀ।

**(ਅ)** ਦਿਵਿਆਂਗ ਉਮੀਦਵਾਰਾਂ ਦੇ ਟਾਈਪ ਟੈਸਟ ਸਬੰਧੀ ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀ-2 ਸਾਖਾ) ਪੱਤਰ ਨੰ: 13/1/2018-3ਪੀਪੀ2/240 ਵਿੱਚ ਦਰਜ ਸ਼ਰਤਾਂ ਇੰਨ-ਬਿੰਨ ਲਾਗੂ ਹੋਣਗੀਆਂ।

**ਲਿਖਤੀ ਪ੍ਰੀਖਿਆ - ਕੁੱਲ ਅੰਕ 100**

| Subject | Total Marks | Pass Marks |
|---|---|---|
| General Awareness | 20 | 08 |
| Mental Aptitude/ Reasoning | 20 | 08 |
| Computer Proficiency including use of modern office automation tools (Fundamentals of Computer and use of specialized software such as MS Office etc) | 20 | 08 |
| Mathematical Ability (with Matriculate difficulty level) | 20 | 08 |
| Language Proficiency (Punjabi and English) | 20 (10 each) | 08 (04 each) |
| **Total Marks** | 100 | 40 |

ਪ੍ਰਸ਼ਨ ਪੱਤਰ Objective type (100 ਅੰਕ) ਪੰਜਾਬੀ ਅਤੇ ਅੰਗਰੇਜੀ ਦੋਵੇਂ ਭਾਸ਼ਾਵਾਂ ਵਿੱਚ ਹੋਵੇਗਾ। ਹਰੇਕ ਪ੍ਰਸ਼ਨ ਦਾ 01 (ਇੱਕ) ਅੰਕ ਹੋਵੇਗਾ। ਪ੍ਰਸ਼ਨ ਪੱਤਰ ਦੇ ਹਰ ਇੱਕ ਭਾਗ ਵਿੱਚੋਂ ਘੱਟ ਤੋਂ ਘੱਟ 40% ਅੰਕ ਪ੍ਰਾਪਤ ਕਰਨੇ ਜਰੂਰੀ ਹੋਣਗੇ। ਲਿਖਤੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰਾਂ ਵਿਚੋਂ ਮੈਰਿਟ ਦੇ ਅਧਾਰ ਤੇ ਕੁੱਲ ਅਸਾਮੀਆਂ ਦੇ ਦਸ ਗੁਣਾ ਉਮੀਦਵਾਰਾਂ ਨੂੰ ਹੀ ਟਾਈਪ ਟੈਸਟ ਲਈ ਬੁਲਾਇਆ ਜਾਵੇਗਾ। ਜੇਕਰ ਇਨ੍ਹਾਂ ਉਮੀਦਵਾਰਾਂ ਵਿਚੋਂ ਟਾਈਪ ਟੈਸਟ ਪਾਸ ਨਾ ਕਰਨ ਕਾਰਨ ਅਸਾਮੀਆਂ ਖਾਲੀ ਰਹਿ ਜਾਂਦੀਆਂ ਹਨ, ਤਾਂ ਮੈਰਿਟ ਵਿੱਚ ਆਏ ਅਗਲੇ ਉਮੀਦਵਾਰਾਂ ਨੂੰ ਟਾਈਪ ਟੈਸਟ ਲਈ ਬੁਲਾਇਆ ਜਾਵੇਗਾ।

6. **ਬਿਨੈ-ਪੱਤਰ ਪ੍ਰੋਸੈਸਿੰਗ ਫੀਸ :-**

| | | |
|---|---|---|
| **(i)** ਜਨਰਲ ਅਤੇ ਹੋਰ ਕੈਟਾਗਿਰੀ ਦੇ ਉਮੀਦਵਾਰਾਂ ਲਈ | : | 1000 ਰੁਪਏ (ਨਾ ਮੁੜਨ ਯੋਗ) |
| **(ii)** ਰਿਜਰਵ ਕੈਟਾਗਿਰੀ (ਐਸ.ਸੀ. / ਐਸ.ਟੀ) | : | 500 ਰੁਪਏ (ਨਾ ਮੁੜਨ ਯੋਗ) |
| **(iii)** ਸਾਬਕਾ ਸੈਨਿਕ (ਖੁਦ) | : | ਕੋਈ ਨਹੀਂ। |

ਨੋਟ:

(ੳ) ਸਾਬਕਾ ਸੈਨਿਕਾਂ (ਖੁਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ, ਬਸ਼ਰਤੇ ਕਿ ਉਨਾਂ ਨੂੰ ਭਾਰਤ ਸਰਕਾਰ ਵੱਲੋਂ ਨੌਕਰੀ ਦੌਰਾਨ ਜਾਂ ਨਿਸ਼ਚਿਤ ਆਮ ਅਰਸਾ ਮੁਕੰਮਲ ਹੋਣ ਤੋਂ ਪਹਿਲਾਂ ਜਾਂ ਖੁਦ ਦੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ/ ਡਿਸਚਾਰਜ ਨਾ ਕੀਤਾ ਗਿਆ ਹੋਵੇ।ਸਾਬਕਾ ਸੈਨਿਕਾਂ ਦੇ ਆਸ਼ਰਿਤਾ ਨੂੰ ਲੋੜੀਂਦੀ ਨਿਰਧਾਰਿਤ ਫੀਸ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਸ ਅਸਾਮੀ ਲਈ ਅਸਲ Lineal Desecendent Certificate (LDC) ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਸਮੇਂ ਜਮ੍ਹਾਂ ਕਰਵਾਉਣਾ ਹੋਵੇਗਾ।

(ਅ) ਪੰਜਾਬ ਦੇ ਵਸਨੀਕ **ਦਿਵਿਆਂਗ** ਉਮੀਦਵਾਰਾਂ ਵੱਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮ੍ਹਾਂ ਕਰਵਾਈ ਜਾਵੇਗੀ, ਜਿਸ ਵਰਗ / ਸ਼੍ਰੇਣੀ ਨਾਲ ਉਹ ਸਬੰਧ ਰੱਖਦੇ ਹਨ।

(ੲ) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ / ਛੋਟ ਨਹੀਂ ਦਿੱਤੀ ਜਾਵੇਗੀ {ਸਿਵਾਏ ਸਾਬਕਾ ਸੈਨਿਕ (ਖੁਦ)} ਅਤੇ ਫੀਸ ਨਾ ਭੇਜਣ ਦੀ ਹਾਲਤ ਵਿੱਚ ਉਸ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

(ਸ) ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਫੀਸ ਦੀ ਰਸੀਦ ਪੇਸ਼ ਕਰਨਗੇ।

7. **ਆਮ ਸ਼ਰਤਾਂ:-**

(i) ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਜਾਤੀ ਸਰਟੀਫਿਕੇਟ ਜੋ ਕਿ ਸਬੰਧਤ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤੇ ਗਏ ਹੋਣ,ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੀ ਉਹ ਇਸਤਰੀ ਉਮੀਦਵਾਰ, ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਤੇ ਬਣੇ ਹਨ, ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਉਹ ਸਰਟੀਫਿਕੇਟ, ਜਿਸ ਵਿੱਚ ਪਿਤਾ ਦਾ ਨਾਮ ਦਰਜ ਹੈ ਜਾਂ ਪਿਤਾ ਦਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਸਬੂਤ ਵਜੋਂ ਪੇਸ਼ ਕਰਨਾ ਹੋਵੇਗਾ।ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਜਿਹੋ ਜਿਹਾ ਵੀ ਕੇਸ ਹੋਵੇ, ਵਿੱਚ ਨਹੀਂ ਵਿਚਾਰੀ ਜਾਵੇਗੀ।ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਨੌਕਰੀਆਂ ਵਿੱਚ ਰਾਖਵਾਂਕਰਨ) ਐਕਟ, 2006 ਅਨੁਸਾਰ ਹੋਵੇਗਾ, ਪਰੰਤੂ ਉਨ੍ਹਾਂ ਦੀ ਚੋਣ ਇਸ ਸਬੰਧ ਵਿਚ ਮਾਣਯੋਗ ਸੁਪਰੀਮ ਕੋਰਟ ਵਿਖੇ ਪੈਡਿੰਗ ਕੇਸ SLP(CIVIL) No.23507 of 2010 in CWP NO 18290 OF 2009, ਪੰਜਾਬ ਸਰਕਾਰ ਅਤੇ ਹੋਰ ਬਨਾਮ ਦਵਿੰਦਰ ਸਿੰਘ ਅਤੇ ਹੋਰ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਵੇਗੀ।

(ii) ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਉਦੋਂ ਤੱਕ ਵੈਲਿਡ ਮੰਨਿਆ ਜਾਵੇਗਾ, ਜਦੋਂ ਤੱਕ ਪ੍ਰਾਰਥੀ ਕਰੀਮੀਲੇਅਰ ਦੇ ਦਾਇਰੇ ਵਿਚ ਨਹੀਂ ਆ ਜਾਂਦਾ।ਪੱਛੜੀ ਸ਼੍ਰੇਣੀ ਦਾ ਲਾਭ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਆਪਣੀ ਪ੍ਰਤੀ ਬੇਨਤੀ ਦੇ ਨਾਲ ਇਕ ਘੋਸ਼ਣਾ ਪੱਤਰ ਦੇਣਾ ਪਵੇਗਾ ਕਿ ਉਸ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ।

(iii) ਸਾਬਕਾ ਸੈਨਿਕ ਕੋਟੇ ਅਧੀਨ ਰਾਖਵਾਂਕਰਨ ਕੇਵਲ ਪੰਜਾਬ ਦੇ ਵਸਨੀਕਾਂ ਤੇ ਹੀ ਲਾਗੂ ਹੋਵੇਗਾ।ਜੇਕਰ ਸਾਬਕਾ ਸੈਨਿਕ ਖੁਦ ਉਮੀਦਵਾਰ ਨਾ ਹੋਵੇ, ਤਾਂ ਇਹ ਰਾਖਵਾਂਕਰਨ ਆਸ਼ਰਿਤਾਂ ਲਈ ਲਾਗੂ ਹੋਵੇਗਾ।ਅਜਿਹੇ ਸਾਬਕਾ ਸੈਨਿਕ/ਆਸ਼ਰਿਤ ਸੈਨਿਕ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਗੇ।

(iv) ਸੁਤੰਤਰਤਾ ਸੈਨਾਨੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ, ਸਰਕਾਰ ਦੇ ਪੱਤਰ ਨੰ:16/57-97-8ਪੀ-3/ਸਪੇ 503 ਮਿਤੀ 27.11.2000 ਅਨੁਸਾਰ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਅਸਲ ਦਸਤਾਵੇਜਾਂ ਦੀ ਸਕਰੂਟਨੀ ਦੇ ਸਮੇਂ ਪੇਸ਼ ਕਰਨਗੇ।

(v) ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ ਜਿਸਦੀ ਡਾਇਰੈਕਟਰ ਸਪੋਰਟਸ ਪੰਜਾਬ ਵਲੋਂ ਗ੍ਰੇਡੇਸ਼ਨ ਕੀਤੀ ਹੋਵੇ। ਸਪੋਰਟਸ ਕੈਟਾਗਿਰੀ ਵਿਚ ਸਿਰਫ ਸਪੋਰਟਸ ਮੈਰਿਟ ਨੂੰ ਹੀ ਆਧਾਰ ਮੰਨਿਆ ਜਾਵੇਗਾ ਜੋ ਡਾਇਰੈਕਟਰ ਸਪੋਰਟਸ ਪੰਜਾਬ ਵੱਲੋਂ ਆਪਣੇ ਨਿਯਮਾਂ ਅਨੁਸਾਰ ਤਿਆਰ ਕੀਤੀ ਜਾਵੇਗੀ।

(vi) ਅਪਾਹਜ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ,ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ:10/26/95-5 ਐਸ ਐਸ/1252 ਮਿਤੀ 02.05.1997 ਅਤੇ ਪੱਤਰ ਨੰ: 9/23/2015-3-DC/506 **ਮਿਤੀ**: 24-06-2015 **ਅਨੁਸਾਰ** ਹੋਵੇਗਾ।ਚਾਹਵਾਨ ਉਮੀਦਵਾਰ ਵਿਗਿਆਪਨ ਵਿੱਚ ਅਪਲਾਈ ਕਰਨ ਦੀ ਦਰਸਾਈ ਆਖਰੀ ਮਿਤੀ ਤੋ ਪਹਿਲਾਂ ਦਾ ਸਮਰੱਥ ਅਧਿਕਾਰੀ ਦੁਆਰਾ ਜਾਰੀ ਅਪਾਹਜ ਦਾ ਸਰਟੀਫਿਕੇਟ ਦਸਤਾਵੇਜ਼ਾ ਦੀ ਸਕਰੂਟਨੀ ਸਮੇਂ ਪੇਸ਼ ਕਰੇਗਾ,ਜਿਸ ਵਿਚ ਉਪਰਲੀ ਜਾਂ ਹੇਠਲੀ ਅੰਗਹੀਣਤਾ ਹੱਦ ਦੇ 40% ਸਥਾਈ/ਅੰਸ਼ਿਕ ਦਰਜ ਹੋਵੇ।ਇਸ ਸਰਟੀਫਿਕੇਟ ਵਿਚ ਸਿਵਲ ਰੁਜ਼ਗਾਰ/ਨਿਰਧਾਰਤ ਅਸਾਮੀ ਲਈ ਫਿੱਟ ਹੋਣਾ ਵੀ ਦਰਸਾਇਆ ਜਾਣਾ ਜ਼ਰੂਰੀ ਹੈ।ਇਹ ਸਰਟੀਫਿਕੇਟ ਜ਼ਿਲੇ ਦੇ ਸਿਵਲ ਸਰਜਨ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਮੈਡੀਕਲ ਅਫਸਰ ਵੱਲੋਂ ਜਾਰੀ ਕੀਤਾ ਹੋਵੇ।

(vii) ਉਮੀਦਵਾਰ ਨੇ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

(viii) ਰਾਖਵਾਂਕਰਨ ਦੀ ਨੀਤੀ ਪੰਜਾਬ ਸਰਕਾਰ ਦੀ ਹਦਾਇਤਾਂ ਅਨੁਸਾਰ ਲਾਗੂ ਹਵੇਗੀ।

(ix) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਾਸੀਆਂ ਲਈ ਹੀ ਲਾਗੂ ਹੋਵੇਗਾ।

(x) ਪੁਰਸ਼ ਅਤੇ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।

(xi) ਉਹ ਉਮੀਦਵਾਰ ਜੋ ਪਹਿਲਾਂ ਹੀ ਰਾਜ ਜਾਂ ਕੇਦਰ/ ਰਾਜ ਸਰਕਾਰ, ਸਰਕਾਰੀ ਜਨਤਕ ਅਦਾਰੇ ਦੇ ਕਰਮਚਾਰੀ ਹੋਣ ਉਹ ਆਪਣੇ ਬਿਨੈ-ਪੱਤਰ ਯੋਗ ਪ੍ਰਣਾਲੀ ਰਾਹੀਂ ਭੇਜਣਗੇ ਪ੍ਰੰਤੂ ਉਮੀਦਵਾਰਾਂ ਦੀ ਨਿਯੁਕਤੀ ਉਪਰੰਤ **ਸ਼ੁਰੂਆਤੀ ਮਿਲਣਯੋਗ ਤਨਖਾਹ 10,300/- ਰੁਪਏ (3 ਸਾਲ ਦੇ ਪਰਖਕਾਲ ਤੱਕ ਜਾਂ ਵਧਾਏ ਗਏ ਸਮੇਂ ਅਨੁਸਾਰ) ਹੋਵੇਗੀ। ਉਮੀਦਵਾਰਾਂ ਨੂੰ ਪਿਛਲੀ ਰੈਗੂਲਰ ਸੇਵਾ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ।**

(xii) ਐਪਲੀਕੇਸ਼ਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਬੋਰਡ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

(xiii) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰਾਂ ਨੂੰ ਸਾਈਬਰ ਕੈਫੇ ਅਟੈਂਡੇਂਟ ਦੀ ਮਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ।ਐਪਲੀਕੇਸ਼ਨ ਫਾਰਮ ਵਿਚ ਇਕ ਵਾਰ ਡਾਟਾ ਭਰਨ ਤੋਂ ਬਾਅਦ Submit ਕਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਕੋਈ ਹੋਰ ਮੌਕਾ ਦਿੱਤਾ ਜਾਵੇਗਾ।ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀਬੇਨਤੀ ਦਫਤਰ ਵੱਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

(xiv) ਉਮੀਦਵਾਰ ਵੱਲੋਂ ਅਸਾਮੀ ਵਿਰੁੱਧ ਕੇਵਲ ਅਪਲਾਈ ਕਰਨ ਜਾਂ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਨਿਯੁਕਤੀ ਦਾ ਅਧਿਕਾਰ ਨਹੀਂ ਹੋਵੇਗਾ।

(xv) ਇਸ ਭਰਤੀ ਸਬੰਧੀ ਬੋਰਡ ਵੱਲੋਂ ਲਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

(xvi) ਉਮੀਦਵਾਰ ਵੱਲੋਂ ਜਿਸ ਕੈਟਾਗਿਰੀ ਵਿੱਚ ਆਨ-ਅਪਲਾਈ ਕੀਤਾ ਗਿਆ ਹੈ ਕਿਸੇ ਵੀ ਹਾਲਤ ਵਿੱਚ ਉਸ ਕੈਟਾਗਿਰੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਇਸ ਸਬੰਧੀ ਕਿਸੇ ਪ੍ਰਤੀ ਬੇਨਤੀ ਤੇ ਕੋਈ ਵਿਚਾਰ ਕੀਤਾ ਜਾਵੇਗਾ।

(xvii) ਐਪਲੀਕੇਸ਼ਨ ਫਾਰਮ Final Submit ਹੋਣ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਹੋਵੇਗੀ।

(xviii) ਉਮੀਦਵਾਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ ਸ਼ਰਤਾਂ / ਬਾਨਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖੁਦ ਅਪਲਾਈ ਕਰਨ ਅਤੇ ਉਹਨਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ Latest Update ਦੀ ਜਾਣਕਾਰੀ ਲਈ ਬੋਰਡ ਦੀ ਵੈਬ-ਸਾਈਟ www.pseb.ac.in ਸਮੇਂ-ਸਮੇਂ ਚੈੱਕ ਕਰਦੇ ਰਹਿਣ ਅਤੇ ਉਨ੍ਹਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਦਿੱਤੀ ਜਾਵੇਗੀ।

(xix) ਉਮੀਦਵਾਰਾਂ ਨੂੰ ਕੋਈ **ਟੀ.ਏ./ਡੀ.ਏ.** ਨਹੀਂ ਦਿੱਤਾ ਜਾਵੇਗਾ।

(xx) ਫੀਸ ਅਧੂਰੀ/ ਨਾ ਪ੍ਰਾਪਤ ਹੋਣ, ਫਾਰਮ ਵਿੱਚ ਗਲਤ ਸੂਚਨਾ ਦੇਣ, ਵਿੱਦਿਅਕ ਯੋਗਤਾ ਜਾਂ ਉਮਰ ਆਦਿ ਸਬੰਧੀ ਸ਼ਰਤਾਂ ਪੂਰੀਆਂ ਨਾ ਕਰਨ ਅਤੇ ਆਨਲਾਈਨ ਤੋਂ ਇਲਾਵਾ ਕਿਸੇ ਹੋਰ ਵਿਧੀ ਰਾਹੀਂ ਪ੍ਰਾਪਤ ਹੋਈਆਂ ਅਰਜੀਆਂ ਜਾਂ ਆਨਲਾਈਨ ਦਾ ਪ੍ਰੋਸੈਸ ਅਧੂਰਾ ਹੋਣ ਕਾਰਨ ਉਮੀਦਵਾਰ ਨੂੰ ਅਯੋਗ ਠਹਿਰਾਇਆ ਜਾਵੇਗਾ।

(xxi) ਲਿਖਤੀ ਪ੍ਰੀਖਿਆ, ਟਾਈਪ ਟੈਸਟ ਤੇ ਸਕਰੂਟਨੀ ਵਿੱਚ ਗੈਰਹਾਜ਼ਰ ਰਹਿਣ ਵਾਲੇ ਉਮੀਦਵਾਰਾਂ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

(xxii) ਭਰਤੀ ਸਬੰਧੀ ਸਮੁੱਚੇ ਅਖਤਿਆਰ ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਰਾਖਵੇਂ ਹੋਣਗੇ।

(xxiii) **ਉਮੀਦਵਾਰਾਂ ਦੇ ਵਿਦਿਅਕ ਯੋਗਤਾਵਾਂ ਸਬੰਧੀ ਸਰਟੀਫਿਕੇਟ ਅਪਲਾਈ ਕਰਨ ਦੀ ਆਖਰੀ ਮਿਤੀ ਦੇ ਜਾਂ ਪਹਿਲਾ ਦੇ ਬਣੇ ਹੋਣ। ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਵੱਖ-ਵੱਖ ਕੈਟਾਰਗਿਰੀਆਂ ਦੇ ਸਰਟੀਫਿਕੇਟ ਜਿਵੇਂ ਐਸ.ਸੀ, ਬੀ.ਸੀ,** Lineal Desecendent Certificate (LDC), **ਸਪੋਰਟਸ ਗ੍ਰੇਡੇਸ਼ਨ, ਅੰਗਹੀਣ ਅਤੇ ਸੁਤੰਤਰਤਾ ਸੰਗਰਾਮੀ ਅਤੇ ਹੋਰ ਲੋੜੀਂਦੇ ਸਰਟੀਫਿਕੇਟ ਆਦਿ ਸਕਰੂਟਨੀ ਸਮੇ ਹੀ ਜਮ੍ਹਾਂ/ਚੈਕ ਕਰਵਾਉਣ ਉਪਰੰਤ ਮੰਨਣਯੋਗ ਹੋਣਗੇ।ਉਸ ਤੋ ਬਾਅਦ ਕਿਸੇ ਵੀ ਉਮੀਦਵਾਰ ਦੀ ਪ੍ਰਤੀ ਬੇਨਤੀ ਪ੍ਰਵਾਨ ਨਹੀ ਕੀਤੀ ਜਾਵੇਗੀ।**

ਮਿਤੀ:

ਵਾਈਸ ਚੇਅਰਮੈਨ 6/11/18
ਪੰਜਾਬ ਸਕੂਲ ਸਿੱਖਿਆ ਬੋਰਡ।